ਵਾਸ਼ਿੰਗਟਨ ਦੇ ਕਰਮਚਾਰੀਆਂ ਲਈ ਕਫਿਾਇਤੀ ਲੰਬੇ ਸਮੇਂ ਤੱਕ ਚੱਲਣ ਵਾਲੀ ਦੇਖਭਾਲ ਕਵਰੇਜ

WA Cares Fund (WA ਕੇਅਰਜ਼ ਫੰਡ) ਇੱਕ ਕਮਾਇਆ ਗਿਆ ਲਾਭ ਹੈ ਜੋ ਤੁਹਾਨੂੰ ਆਪਣਾ ਜੀਵਨ ਆਪਣੇ ਘਰ ਵਿੱਚ ਸੁਤੰਤਰਤਾ ਨਾਲ ਬਿਤਾਉਣ ਵਿੱਚ ਮਦਦ ਕਰਨ ਲਈ ਬਣਾਇਆ ਗਿਆ ਹੈ। ਸਾਡੇ ਵਿੱਚੋਂ ਜ਼ਿਆਦਾਤਰ ਲੋਕਾਂ ਨੂੰ ਨਹਾਉਣ, ਖਾਣਾ-ਖਾਣ, ਇੱਧਰ-ਉੱਧਰ ਜਾਣ ਅਤੇ ਦਵਾਈਆਂ ਲੈਣ ਵਰਗੇ ਰੋਜ਼ਮੱਰਾ ਦੇ ਕੰਮਾਂ ਲਈ ਲੰਬੇ ਸਮੇਂ ਤੱਕ ਚੱਲਣ ਵਾਲੀ ਦੇਖਭਾਲ ਦੀ ਲੋੜ ਪਵੇਗੀ, ਪਰ ਸਾਡੇ ਕੋਲ ਇਸ ਸਭ ਦਾ ਖ਼ਰਚਾ ਚੁੱਕਣ ਦਾ ਕੋਈ ਜ਼ਰੀਆ ਨਹੀਂ ਹੋਵੇਗਾ।

Medicare ਅਤੇ ਸਹਿਤ ਬੀਮਾ, ਲੰਬੇ ਸਮੇਂ ਤੱਕ ਚੱਲਣ ਵਾਲੀ ਦੇਖਭਾਲ ਦੇ ਖ਼ਰਚੇ ਨੂੰ ਕਵਰ ਨਹੀਂ ਕਰਦਾ ਹੈ ਅਤੇ Medicaid ਵਾਸਤੇ ਯੋਗ ਬਣਨ ਲਈ ਤੁਹਾਨੂੰ ਆਪਣੀ ਜੀਵਨ ਭਰ ਦੀ ਬੱਚਤ ਖ਼ਰਚ ਕਰਕੇ $2,000 ਦੀ ਸੀਮਾ ਤੱਕ ਪਹੁੰਚਣਾ ਪੈਂਦਾ ਹੈ। WA Cares ਜੀਵਨ ਦੇ ਸਭ ਤੋਂ ਨਾਜੁਕ ਦੌਰ ਵੱਿਚ ਤੁਹਾਨੂੰ ਜ਼ਿਆਦਾ ਵਕਿਲਪ ਪ੍ਰਦਾਨ ਕਰਨ ਲਈ ਮਹੱਤਵਪੂਰਨ ਵਸੀਲੇ ਪ੍ਰਦਾਨ ਕਰਦਾ ਹੈ।

ਇਹ ਕਿਵੇਂ ਕੰਮ ਕਰਦਾ ਹੈ

ਸਵੈਚਲਤਿ ਤੌਰ ‘ਤੇ ਯੋਗਦਾਨ ਪਾਓ

1



ਆਪਣੇ ਕਾਰਜਕਾਲ ਦੌਰਾਨ ਆਪਣੀ ਤਨਖਾਹ ਦੇ 0.58% ਦਾ ਯੋਗਦਾਨ ਪਾਓ।

ਲਾਭਾਂ ਲਈ ਯੋਗਤਾ ਪ੍ਰਾਪਤ ਕਰੋ

2



ਜੇਕਰ ਤੁਸੀਂ ਯੋਗਦਾਨ ਪਾਉਣ ਅਤੇ ਦੇਖਭਾਲ ਪ੍ਰਾਪਤ ਕਰਨ ਦੀਆਂ ਸ਼ਰਤਾਂ ਪੂਰੀਆਂ ਕੀਤੀਆਂ ਹਨ ਤਾਂ ਲਾਭ ਪ੍ਰਾਪਤ ਕਰਨ ਲਈ ਅਰਜ਼ੀ ਦਓਿ।

ਆਪਣੇ ਲਾਭਾਂ ਦੀ ਵਰਤੋਂ ਕਰੋ

3



ਚੁਣੋ ਕਿ ਆਪਣੀ $36,500 ਦੀ ਜੀਵਨਭਰ ਲਾਭ ਦੀ ਰਕਮ ਦੀ ਵਰਤੋਂ ਕਿਵੇਂ ਕਰਨੀ ਹੈ (ਇਹ ਰਕਮ ਮਹਿੰਗਾਈ ਦੇ ਨਾਲ ਵਧਦੀ ਰਹਿੰਦੀ ਹੈ)।

ਲਾਭਾਂ ਲਈ ਯੋਗਤਾ ਪ੍ਰਾਪਤ ਕਰਨਾ

ਲਾਭ ਪ੍ਰਾਪਤ ਕਰਨ ਲਈ ਤੁਹਾਨੂੰ ਦੋ ਸ਼ਰਤਾਂ ਪੂਰੀਆਂ ਕਰਨੀਆਂ ਪੈਣਗੀਆਂ।

ਤੁਸੀਂ ਕਿਸੇ ਹੋਰ ਰਾਜ ਵਿੱਚ ਵੀ ਰਹਣਿ ਲਈ ਜਾ ਸਕਦੇ ਹੋ ਅਤੇ ਲੋੜ ਪੈਣ ‘ਤੇ ਦੇਖਭਾਲ ਦਾ ਲਾਭ ਪ੍ਰਾਪਤ ਕਰਨ ਲਈ ਇਸ ਪ੍ਰੋਗਰਾਮ ਵਿੱਚ ਭਾਗ ਲੈਣਾ ਜਾਰੀ ਰੱਖ ਸਕਦੇ ਹੋ।

1. ਯੋਗਦਾਨ ਪਾਉਣ ਦੀ ਸ਼ਰਤ

ਤੁਸੀਂ ਤਿੰਨ ਤਰੀਕਿਆਂ ਵਿੱਚੋਂ ਕਿਸੇ ਇੱਕ ਰਾਹੀਂ ਯੋਗਦਾਨ ਪਾਉਣ ਦੀ ਸ਼ਰਤ ਨੂੰ ਪੂਰਾ ਕਰ ਸਕਦੇ ਹੋ।

- **ਸਥਾਈ ਮਾਰਗ:** ਘੱਟੋ-ਘੱਟ 10 ਸਾਲ ਯੋਗਦਾਨ ਪਾ ਕੇ ਲਾਭ ਦੀ ਪੂਰੀ ਰਕਮ ਹਾਸਲ ਕਰੋ।*
- **ਅਸਥਾਈ ਮਾਰਗ:** ਜੇਕਰ ਤੁਸੀਂ ਲਾਭਾਂ ਲਈ ਅਰਜ਼ੀ ਦੇਣ ਵੇਲੇ ਪਿਛਲੇ ਛੇ ਸਾਲਾਂ ਵਿਚੋਂ ਘੱਟੋ-ਘੱਟ ਤਿੰਨ ਸਾਲ ਯੋਗਦਾਨ ਪਾਇਆ ਹੈ ਤਾਂ ਲਾਭ ਦੀ ਪੂਰੀ ਰਕਮ ਹਾਸਲ ਕਰੋ।
- **ਟਰ੍ਾਂਜ਼ੀਸ਼ਨ ਮਾਰਗ:** ਜੇਕਰ ਤੁਹਾਡਾ ਜਨਮ 1968 ਤੋਂ ਪਹਿਲਾਂ ਹੋਇਆ ਸੀ, ਤਾਂ ਤੁਹਾਡੇ ਦੁਆਰਾ ਯੋਗਦਾਨ ਪਾਏ ਗਏ ਹਰ ਸਾਲ ਲਈ ਲਾਭ ਦੀ ਪੂਰੀ ਰਕਮ ਦੇ 10% ਤੱਕ ਜੀਵਨਭਰ ਪਹੁੰਚ ਪਰ੍ਾਪਤ ਕਰੋ।:

* ਅਸੀਂ ਹਰ ਉਸ ਕੈਲੰਡਰ ਸਾਲ ਨੂੰ ਗਿਣਾਗੇ ਜਿਸ ਵਿੱਚ ਤੁਸੀਂ ਘੱਟੋ-ਘੱਟ 500 ਘੰਟੇ ਕੰਮ ਕੀਤਾ ਹੋਵੇਗਾ।

2. ਦੇਖਭਾਲ ਦੀ ਲੋੜ ਸੰਬੰਧੀ ਸ਼ਰਤਾਂ

ਸਾਨੂੰ ਇਹ ਨਿਰਧਾਰਤ ਕਰਨਾ ਪਵੇਗਾ ਕਿ ਤੁਹਾਨੂੰ ਰੋਜ਼ਮੱਰਾ ਦੇ ਤਿੰਨ ਜਾਂ ਵੱਧ ਕੰਮਾਂ ਨੂੰ ਕਰਨ ਲਈ ਸਹਾਇਤਾ ਚਾਹੀਦੀ ਹੈ ਅਤੇ ਤੁਹਾਨੂੰ ਘੱਟੋ-ਘੱਟ 90 ਦਿਨਾ ਲਈ ਸਹਾਇਤਾ ਦੀ ਲੋੜ ਪਵੇਗੀ। ਅਸੀਂ ਜਿਹੜੇ ਕੰਮਾਂ ਦਾ ਮੁਲਾਂਕਣ ਕਰਦੇ ਹਾਂ, ਉਹ ਇਹ ਹਨ:

- ਨਹਾਉਣਾ
- ਬਿਸਤਰ ਵਿੱਚ ਲੇਟਣਾ, ਉੱਠਣਾ ਬੈਠਣਾ ਆਦਿ
- ਆਪਣੀ ਥਾਂ ਬਦਲਣਾ (ਕੁਰਸੀ ‘ਤ ਬੈਠਣਾ, ਉੱਠਣਾ)
- ਗ਼ੁਸਲਖ਼ਾਨੇ ਦੀ ਵਰਤੋਂ ਕਰਨਾ
- ਹਲਚਲ ਕਰਨਾ (ਤੁਰਨਾ ਜਾਂ ਇੱਧਰ-ਉੱਧਰ ਜਾਣਾ)
- ਭੋਜਨ ਖਾਣਾ
- ਦਵਾਈਆਂ ਲੈਣ

ਅਸੀਂ ਉਹਨਾਂ ਸਾਰੇ ਕੰਮਾਂ ਦੀ ਗਿਣਤੀ ਕਰਾਂਗੇ ਜਿਹਨਾਂ ਨੂੰ ਪੂਰਾ ਕਰਨ ਲਈ ਤੁਹਾਨੂੰ ਦੇਖ-ਰੇਖ (ਜਿਵੇਂ ਕਿ ਨਿਗਰਾਨੀ, ਸੰਕੇਤ ਦੇਣਾ, ਜਾਂ ਸੈੱਟ-ਅੱਪ ਸਹਾਇਤਾ) ਦੀ ਲੋੜ ਪੈਂਦੀ ਹੈ।

ਲਾਭਾਂ ਲਈ ਅਰਜ਼ੀ ਦੇਣਾ

ਪ੍ਰਕਰਿਆ ਸ਼ੁਰੂ ਕਰਨ ਲਈ, ਤੁਸੀਂ (ਜਾਂ ਤੁਹਾਡੀ ਮਦਦ ਕਰਨ ਵਾਲਾ ਕੋਈ ਵਅਿਕਤੀ) wacaresfund.wa.gov/apply 'ਤੇ ਜਾ ਕੇ WA Cares ਲਾਭ ਖਾਤਾ ਬਣਾ ਸਕਦੇ ਹੋ।

ਇੱਕ ਵਾਰ ਜਦੋਂ ਅਸੀਂ ਇਹ ਪੁਸ਼ਟੀ ਕਰ ਲੈਂਦੇ ਹਾਂ ਕਿ ਤੁਸੀਂ ਯੋਗਦਾਨ ਦੀ ਸ਼ਰਤ ਨੂੰ ਪੂਰਾ ਕਰ ਲਿਆ ਹੈ, ਤਾਂ ਅਸੀਂ ਤੁਹਾਡੀਆਂ ਦੇਖਭਾਲ ਦੀਆਂ ਲੋੜਾਂ ਬਾਰੇ ਚਰਚਾ ਕਰਨ ਲਈ ਤੁਹਾਡੇ ਨਾਲ ਇੱਕ ਵਿਅਕਤੀਗਤ ਅਪੌਇੰਟਮੈਂਟ ਤਹਿ ਕਰਾਂਗੇ। ਫਿਰ ਅਸੀਂ ਤੁਹਾਨੂੰ ਦੱਸਾਂਗੇ ਕਿ ਤੁਹਾਨੂੰ ਲਾਭਾਂ ਦੀ ਵਰਤੋਂ ਕਰਨ ਦੀ ਮਨਜ਼ੂਰੀ ਮਿਲ ਗਈ ਹੈ ਜਾਂ ਨਹੀਂ।

ਹੋਰ ਜਾਣਕਾਰੀ ਲੈਣ ਲਈ wacaresfund.wa.gov/benefits 'ਤੇ ਜਾਓ।

ਆਪਣੇ ਲਾਭਾਂ ਦੀ ਵਰਤੋਂ ਕਰਨਾ

ਤੁਸੀਂ ਆਪਣੇ ਲਾਭਾਂ ਦੀ ਵਰਤੋਂ WA Cares ਪ੍ਰਦਾਤਾ ਵੱਲੋਂ ਕਵਰ ਕੀਤੀਆਂ ਜਾਣ ਵਾਲੀਆਂ ਸੇਵਾਵਾਂ ਅਤੇ ਸਹਾਇਤਾ ਪ੍ਰਾਪਤ ਕਰਨ ਲਈ ਕਰ ਸਕਦੇ ਹੋ।

ਘਰ ਰਹਿਣ ਵਿੱਚ ਤੁਹਾਡੀ ਮਦਦ ਕਰਨ ਲਈ

- ਕਿਸੇ ਵਿਅਕਤੀਗਤ ਪਰ੍ਦਾਤਾ ਜਾਂ ਘਰੇਲੂ ਦੇਖਭਾਲ ਪਰ੍ਦਾਨ ਕਰਨ ਵਾਲੀ ਏਜੰਸੀ ਵੱਲੋਂ ਘਰ ਵਿੱਚ ਦੇਖਭਾਲ
- ਘਰੇਲੂ ਸੁਰੱਖਿਆ ਦਾ ਮੁਲਾਂਕਣ
- ਘਰੇਲੂ ਸੁਧਾਰ
- ਭੋਜਨ ਦੀ ਘਰ ਤੱਕ ਡਿਲੀਵਰੀ
- ਆਵਾਜਾਈ
- ਅਡੈਪਟਿਵ ਉਪਕਰਣ ਅਤੇ ਤਕਨਾਲੋਜੀ
- ਨਿੱਜੀ ਐਮਰਜੈਂਸੀ ਰਸਿਪਾਂਸ ਸਿਸਟਮ
- ਘਰ ਦਾ ਕੰਮ ਅਤੇ ਯਾਰਡ ਦਾ ਕੰਮ

ਤੁਹਾਡੇ ਪਰਵਿਾਰ ਦੀ ਦੇਖਭਾਲ ਕਰਨ ਵਾਲੇ ਨੂੰ ਸਹਾਇਤਾ ਪ੍ਰਦਾਨ ਕਰਨ ਲਈ

- ਤੁਹਾਡੇ ਜੀਵਨ ਸਾਥੀ ਸਮੇਤ, ਕਿਸੇ ਅਜ਼ੀਜ਼ ਵੱਲੋਂ ਭੁਗਤਾਨ ਕੀਤੀ ਗਈ ਦੇਖਭਾਲ
- ਆਪਣੇ ਘਰ ਜਾਂ ਕਿਸੇ ਅਦਾਰੇ ਵਿੱਚ ਆਰਾਮਦਾਇਕ ਦੇਖਭਾਲ
- ਤੁਹਾਡੀ ਦੇਖਭਾਲ ਦਾ ਪਰ੍ਬੰਧ ਕਰਨ ਵਿੱਚ ਤੁਹਾਡੀ ਮਦਦ ਕਰਨ ਲਈ ਸਿੱਖਿਆ ਅਤੇ ਸਲਾਹ
- ਯਾਦਦਾਸ਼ਤ ਅਤੇ ਵਿਵਹਾਰ ਸੰਬੰਧੀ ਸਹਾਇਤਾ
- ਕਿਸੇ ਅਦਾਰੇ ਜਾਂ ਹਸਪਤਾਲ ਤੋਂ ਛੁੱਟੀ ਮਿਲਣ 'ਤੇ ਤੁਹਾਡੀ ਦੇਖਭਾਲ ਵਿੱਚ ਆਉਣ ਵਾਲੀ ਤਬਦੀਲੀ ਸੰਬੰਧੀ ਸਹਾਇਤਾ

ਤੁਹਾਡੀ ਕਮਿਊਨਿਟੀ ਵਿੱਚ

- ਅਡਲਟ ਫੈਮਲਿੀ ਹੋਮ
- ਅਡਲਟ ਡੇ ਸਰਵਸਿਜ਼

ਕਿਸੇ ਅਦਾਰੇ ਵਿੱਚ

- ਯਾਦਦਾਸ਼ਤ ਦੀ ਦੇਖਭਾਲ ਸੰਬੰਧੀ ਸੇਵਾਵਾਂ ਸਮੇਤ ਰਹਿਣ-ਸਹਿਣ ਲਈ ਸਹਾਇਕ ਸੇਵਾਵਾਂ
- ਨਰਸਿੰਗ ਹੋਮ

ਹੋ ਸਕਦਾ ਹੈ ਕਿ ਕੁਝ ਸੇਵਾਵਾਂ ਪੂਰੇ ਰਾਜ ਵਿੱਚ ਉਪਲਬਧ ਨਾ ਹੋਣ।

ਸਹਾਇਤਾ ਪ੍ਰਾਪਤ ਕਰੋ

ਤੁਸੀਂ ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 8:30 ਵਜੇ ਤੋਂ ਸ਼ਾਮ 4:30 ਵਜੇ ਤੱਕ ਸਾਡੇ ਨਾਲ ਸੰਪਰਕ ਕਰ ਸਕਦੇ ਹੋ (ਰਾਜ ਦੀਆਂ ਛੁੱਟੀਆਂ 'ਤੇ ਬੰਦ ਹੁੰਦਾ ਹੈ)। ਬਿਲਕੁਲ ਤਾਜ਼ੀ ਜਾਣਕਾਰੀ ਦੇ ਲਈ wacaresfund.wa.gov 'ਤੇ ਜਾਓ।



ਫ਼ੋਨ

844-CARE4WA (844-227-3492)



ਈਮੇਲ ਜਾਂ ਚੈਟ ਕਰਨ ਲਈ

ਇੱਥੇ ਜਾਓ: wacaresfund.wa.gov/contact

TTY/ TDD ਜਾਂ Washington Relay ਸੇਵਾ ਲਈ 711 ਡਾਇਲ ਕਰੋ। ਭਾਸ਼ਾ ਸੰਬੰਧੀ ਸਹਾਇਤਾ ਫ਼ੋਨ ਜਾਂ ਈਮੇਲ ਰਾਹੀਂ ਉਪਲਬਧ ਹੈ।